# ਪਾਲਤੂ ਜਾਨਵਰ ਦੀ ਮੁਢਲੀ ਐਮਰਜੰਸੀ ਸਪਲਾਈਜ਼ ਲਈ ਨਿਸ਼ਾਨ ਲਾਉਣ ਵਾਲੀ ਲਿਸਟ

- ☐ ਜਾਨਵਰ ਨੂੰ ਲਿਜਾਣ ਵਾਲਾ ਚੁੱਕਵਾਂ ਕੈਰੀਅਰ ਜਾਂ ਕਰੇਟ *(ਇਸ ਦੀ ਵਰਤੋਂ ਹਰ ਇਕ ਚੀਜ਼ ਪਾਉਣ ਲਈ ਕਰੋ)*
- ☐ ਬਕਸਾ ਜਾਂ ਪਿੰਜਰਾ, ਜੇ ਲਾਗੂ ਹੁੰਦਾ ਹੋਵੇ
- ☐ ਵੈਕਸੀਨੇਸ਼ਨ ਦਾ ਰਿਕਾਰਡ
- ☐ ਲੋੜੀਂਦੀ ਆਈ ਡੀ ਜਾਂ ਲਾਇਸੰਸ
- ☐ ਪਟਾ, ਸੰਗਲੀ, ਛਿਕਲੀ
- ☐ ਖਾਣਾ – *72 ਘੰਟਿਆਂ ਜੋਗਾ*
- ☐ ਪਾਣੀ – *ਪ੍ਰਤੀ ਜਾਨਵਰ ਪ੍ਰਤੀ ਦਿਨ 4 ਲੀਟਰ*
- ☐ ਖਾਣੇ ਅਤੇ ਪਾਣੀ ਲਈ ਭਾਂਡੇ
- ☐ ਦਵਾਈਆਂ
- ☐ ਪਾਲਤੂ ਜਾਨਵਰ ਦਾ ਬੈੱਡ, ਗੱਦਾ ਜਾਂ ਕੰਬਲ
- ☐ ਸੁਰੱਖਿਅਤ ਅਤੇ ਜਾਣੂ ਖਿਡੌਣੇ
- ☐ ਕੁੱਤੇ ਦੀ ਟੱਟੀ ਲਈ ਬੈਗ
- ☐ ਕਿਟੀ ਲਿਟਰ, ਲਿਟਰ ਬੌਕਸ
- ☐ ਅਖਬਾਰ, ਪਲਾਸਟਿਕ ਦੇ ਬੈਗ, ਪੂੰਝੇ, ਅਮੋਨੀਆ ਮੁਕਤ ਰੋਗਾਣੂ-ਨਾਸ਼ਕ
- ☐ ਜਾਨਵਰਾਂ ਲਈ ਫਸਟ ਏਡ ਕਿੱਟ
- ☐ ਤਾਜ਼ਾ ਫੋਟੋ

# ਆਪਣੇ ਘਰੇਲੂ ਜਾਨਵਰ ਦੀ ਰੱਖਿਆ ਕਰਨਾ
## ਘਰੇਲੂ ਜਾਨਵਰਾਂ ਲਈ ਐਮਰਜੰਸੀ ਪਲੈਨ

ਤੁਹਾਨੂੰ ਆਪਣੇ ਪਾਲਤੂ ਜਾਨਵਰ ਬਾਰੇ ਕੀ ਕਰਨ ਦੀ ਲੋੜ ਪਵੇਗੀ, ਇਹ ਐਮਰਜੰਸੀ ਜਾਂ ਬਿਪਤਾ ਦੀ ਕਿਸਮ ’ਤੇ ਨਿਰਭਰ ਕਰਦਾ ਹੈ।

### ਬਾਹਰ ਕੱਢਣ ਲਈ ਅਗਾਊਂ ਪਲੈਨ

- ਆਪਣੇ ਪਾਲਤੂ ਜਾਨਵਰ ਨੂੰ ਛੱਡਣ ਵਾਲੀਆਂ ਸੁਰੱਖਿਅਤ ਥਾਂਵਾਂ ਬਾਰੇ ਖੋਜ ਕਰੋ ਜਿਵੇਂ ਕਿ ਪਰਿਵਾਰ, ਦੋਸਤ, ਕੈਨਲ (ਕੁੱਤੇਖਾਨੇ) ਜਾਂ ਘਰੇਲੂ ਜਾਨਵਰਾਂ ਪ੍ਰਤੀ ਦੋਸਤਾਨਾ ਹੋਟਲ ਅਤੇ ਮੋਟਲ। ਬਹੁਤੇ ਇਵੈਕੂਏਸ਼ਨ ਜਾਂ ਰਿਸੈਪਸ਼ਨ ਸੈਂਟਰ ਪਾਲਤੂ ਜਾਨਵਰਾਂ ਨੂੰ ਪ੍ਰਵਾਨ ਨਹੀਂ ਕਰਦੇ।
- ਵੈਕਸੀਨੇਸ਼ਨਾਂ ਅਤੇ ਪਛਾਣ ਤਾਜ਼ਾ ਰੱਖੋ। ਇਨ੍ਹਾਂ ਰਿਕਾਰਡਾਂ ਦੀਆਂ ਕਾਪੀਆਂ ਆਪਣੇ ਪਾਲਤੂ ਜਾਨਵਰ ਦੀ ਐਮਰਜੰਸੀ ਕਿੱਟ ਵਿਚ ਰੱਖੋ।
- ਤਾਜ਼ਾ ਫੋਟੋ ਕੋਲ ਰੱਖੋ ਜਿਹੜੀ ਨਿਖੜਵੇਂ ਨਿਸ਼ਾਨ ਦਿਖਾਉਂਦੀ ਹੋਵੇ।

*ਤੁਹਾਡਾ ਜਾਨਵਰ ਪਾਲਤੂ ਬਣਾਇਆ ਗਿਆ ਜਾਨਵਰ ਹੈ ਅਤੇ ਇਸ ਕਰਕੇ ਉਸ ਕੋਲ ਜੰਗਲੀ ਜਾਨਵਰਾਂ ਵਾਂਗ ਬਚਣ ਦਾ ਗਿਆਨ ਨਹੀਂ ਹੈ।*

### ਜੇ ਤੁਹਾਨੂੰ ਆਪਣੇ ਪਾਲਤੂ ਜਾਨਵਰ ਨੂੰ ਪਿੱਛੇ ਛੱਡ ਕੇ ਜਾਣਾ ਪੈਣਾ ਹੈ

- ਆਪਣੇ ਪਾਲਤੂ ਜਾਨਵਰ ਨੂੰ ਸੇਫ, ਸੁਰੱਖਿਅਤ ਕਮਰੇ ਵਿਚ ਛੱਡੋ ਜਿਸ ਦੀਆਂ ਖਿੜਕੀਆਂ ਨਾ ਹੋਣ ਪਰ ਹਵਾਦਾਰੀ ਹੋਵੇ। ਕਦੇ ਵੀ ਆਪਣੇ ਪਾਲਤੂ ਜਾਨਵਰ ਨੂੰ ਬਾਹਰ ਬੰਨ੍ਹ ਕੇ ਨਾ ਛੱਡੋ।
- ਉਨ੍ਹਾਂ ਕੋਲ ਘੱਟੋ ਘੱਟ 72 ਘੰਟਿਆਂ ਲਈ ਖਾਣਾ ਛੱਡੋ
- ਟੋਆਇਲਿਟ ਫਲੱਸ਼ ਕਰੋ, ਸਿੰਕ ਅਤੇ/ਜਾਂ ਬਾਥਟੱਡ ਨੂੰ ਪਾਣੀ ਨਾਲ ਭਰੋ। ਤੁਹਾਡਾ ਪਾਲਤੂ ਜਾਨਵਰ ਸਟਰੈੱਸ ਹੇਠ ਹੋਵੇਗਾ ਅਤੇ ਆਮ ਨਾਲੋਂ ਜ਼ਿਆਦਾ ਪਾਣੀ ਪੀ ਸਕਦਾ ਹੈ।
- ਆਪਣੇ ਪਾਲਤੂ ਜਾਨਵਰ ਦੇ ਦੁਆਲੇ ਜਾਣੇ ਪਛਾਣੇ ਗੱਦੇ ਅਤੇ ਸੁਰੱਖਿਅਤ ਖਿਡੌਣੇ ਛੱਡੋ ਜਿਨ੍ਹਾਂ ਤੋਂ ਉਹ ਜਾਣੂ ਹੋਵੇ
- ਕੁੱਤਿਆਂ ਅਤੇ ਬਿੱਲੀਆਂ ਨੂੰ ਇੱਕੋ ਥਾਂ ਬੰਦ ਕਰਨ ਤੋਂ ਪਰਹੇਜ਼ ਕਰੋ। ਛੋਟੇ ਜਾਨਵਰਾਂ ਅਤੇ ਪੰਛੀਆਂ ਨੂੰ ਪਿੰਜਰਿਆਂ ਵਿਚ ਪਾਇਆ ਜਾਣਾ ਚਾਹੀਦਾ ਹੈ।
- ਇਹ ਪੱਕਾ ਕਰੋ ਕਿ ਤੁਹਾਡੇ ਪਾਲਤੂ ਜਾਨਵਰਾਂ ਦੁਆਲੇ ਪਛਾਣ ਵਾਲੇ ਟੈਗ ਪਾਏ ਹੋਏ ਹਨ।
- ਆਪਣੇ ਮੂਹਰਲੇ ਦਰਵਾਜ਼ੇ ’ਤੇ ਨੋਟਿਸ ਲਗਾਉ ਜਿਹੜਾ ਇਹ ਦੱਸਦਾ ਹੋਵੇ ਕਿ ਘਰ ਵਿਚ ਪਾਲਤੂ ਜਾਨਵਰ ਹਨ, ਉਹ ਕਿੱਥੇ ਹਨ, ਤੁਹਾਡਾ ਫੋਨ ਨੰਬਰ ਜਿਸ ’ਤੇ ਤੁਹਾਡੇ ਤੱਕ ਪਹੁੰਚ ਕੀਤੀ ਜਾ ਸਕਦੀ ਹੋਵੇ ਅਤੇ ਤੁਹਾਡੇ ਜਾਨਵਰ ਦੇ ਡਾਕਟਰ ਦਾ ਫੋਨ ਨੰਬਰ।

*ਤਣਾਅ ਭਰਪੂਰ ਸਮਿਆਂ ਵਿਚ ਤੁਹਾਡੇ ਪਾਲਤੂ ਜਾਨਵਰ ਦਾ ਵਤੀਰਾ ਬਦਲ ਸਕਦਾ ਹੈ। ਆਮ ਤੌਰ ’ਤੇ ਸ਼ਾਂਤ ਰਹਿਣ ਵਾਲੇ ਪਾਲਤੂ ਜਾਨਵਰ ਲੜ ਸਕਦੇ ਹਨ।*

**ਐਮਰਜੰਸੀ ਸਪਲਾਈਜ਼ ਕਿੱਟਾਂ ਬਣਾਉਣ ਵੇਲੇ ਅਕਸਰ ਪਾਲਤੂ ਜਾਨਵਰ ਨੂੰ ਭੁਲਾ ਦਿੱਤਾ ਜਾਂਦਾ ਹੈ। ਹਰ ਪਾਲਤੂ ਜਾਨਵਰ ਦੀ ਆਪਣੀ ਐਮਰਜੰਸੀ ਸਪਲਾਈਜ਼ ਕਿੱਟ ਹੋਣੀ ਚਾਹੀਦੀ ਹੈ, ਜੋ ਕਿ ਉਸ ਦੀਆਂ ਲੋੜਾਂ ਮੁਤਾਬਕ ਹੋਵੇ।**

**ਮਦਦ ਕਰਨ ਵਾਲਾ ਸੁਝਾਅ: ਆਪਣੇ ਪਾਲਤੂ ਜਾਨਵਰ ਦੀ ਐਮਰਜੰਸੀ ਸਪਲਾਈਜ਼ ਨੂੰ ਚੁੱਕਵੇਂ ਕੈਰੀਅਰ ਜਾਂ ਕਰੇਟ ਵਿਚ ਰੱਖੋ।**

*ਐਮਰਜੰਸੀ ਲਈ ਤਿਆਰੀ ਬਾਰੇ ਹੋਰ ਜਾਣਕਾਰੀ ਲੈਣ ਲਈ www.burnaby.ca/getprepared ’ਤੇ ਸਾਡੇ ਵੈੱਬਸਾਈਟ ’ਤੇ ਜਾਉ ਜਾਂ getprepared@burnaby.ca ’ਤੇ ਈਮੇਲ ਕਰੋ।*

YOU 72


City of Burnaby
Emergency Program Office
4949 Canada Way
Burnaby, BC V5G 1M2
ਈਮੇਲ: getprepared@burnaby.ca
ਵੈੱਬ: www.burnaby.ca/getprepared


City of Burnaby